24-3-96

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

**ਲਲਿਤ ਨਿਬੰਧ ਕਲਾ:**

ਲਲਿਤ-ਨਿਬੰਧ ਸਾਹਿਤ ਦੀ ਉਹ ਵਿਧਾ ਹੈ, ਜੋ ਸਾਹਿਤ ਨੂੰ ਇਕ ਵਿਸ਼ੇਸ਼ ਵੰਨਗੀ ਕਰ ਕੇ ਅਮੀਰ ਕਰਦੀ ਹੈ। ਕੁਲਬੀਰ ਸਿੰਘ ਕਾਂਗ ਇਸ ਵਿਧਾ ਦਾ ਸਥਾਪਤ ਹਸਤਾਖਰ ਹੈ। ਉਹਦੀ ਨਵੀਂ ਕਿਤਾਬ 'ਸਲੀਬ 'ਤੇ ਲਟਕਦਾ ਖੁਦਾ' ਸਮੁੱਚੇ ਸਾਹਿਤਕ ਖਜ਼ਾਨੇ ਵਿਚ ਇਕ ਕੀਮਤੀ ਵਾਧਾ ਹੈ। ਇਹਦੇ ਵਿਚ ਉਹ ਲਲਿਤ ਨਿਬੰਧ 'ਹਰਿਮੰਦਰ ਉਦਾਸ ਹੈ' ਜੋ ਬਲਿਊ ਸਟਾਰ ਓਪਰੇਸ਼ਨ ਤੋਂ ਪਹਿਲਾਂ ਅਪਰੈਲ ਵਿਚ ਲਿਖਿਆ ਗਿਆ ਸੀ ਤੇ ਜੋ ਪੰਜਾਬੀ ਸਾਹਿਤ ਵਿਚ ਕਲਾਸਕੀ ਥਾਂ ਰੱਖਦਾ ਹੈ, ਸ਼ਾਮਲ ਹੈ। ਇਹ ਇਕ ਬੇਮਿਸਾਲ ਰਚਨਾ ਹੈ। 'ਲੇਖਕ ਹਰਿਮੰਦਰ ਸਾਹਿਬ ਗਿਆ, ਜਿਥੇ ਹਿੰਸਾ ਦਾ ਵਾਤਾਵਰਨ ਸੀ, ਹਰਿਮੰਦਰ ਉਦਾਸ ਸੀ, ਉਥੇ ਉਸ ਨੇ ਬਾਬਾ ਬੁੱਢਾ ਜੀ ਦੀ ਬੇਰੀ ਪਾਸ ਸੀਸ ਝੁਕਾਇਆ ਤਾਂ ਫੇਰ ਉਸ ਨੇ ਗੈਬੀ ਆਵਾਜ਼ ਸੁਣੀ, "ਪੁੱਤਰ ਜੀ, ਅਸਾਂ ਖੁਦ ਗੁਰੂ ਜੀ ਨੂੰ ਮੀਰੀ ਦੀ ਤਲਵਾਰ ਪਹਿਨਾਈ ਸੀ- ਜੋ ਜ਼ੁਲਮ ਦੇ ਨਾਸ਼ ਵਾਸਤੇ ਉਠੀ ਸੀ। ਤੂੰ ਉਦਾਸ ਨਾ ਹੋ। ਉਪਰਾਮ ਨਾ ਹੋ, ਅਸੀਂ ਅੱਜ ਵੀ ਏਥੇ ਬੈਠੇ ਹਾਂ। ਇਨ੍ਹਾਂ ਯੋਧਿਆਂ ਨੂੰ ਸੱਚ ਦਾ ਮਾਰਗ ਵਿਖਾਵਾਂਗੇ। ਭਾਈ ਗੁਰਦਾਸ ਵੀ ਸਾਡੇ ਪਾਸ ਹੀ ਬੈਠਾ ਹੈ। ਆਦਿ-ਬੀੜ ਦੇ ਕਵੀ ਇਕੱਠੇ ਹੀ ਰਹਿਣਗੇ। ਹਰਿਮੰਦਰ ਕਦੀ ਉਦਾਸ ਨਹੀਂ ਹੋਵੇਗਾ, ਅਸੀਂ ਜਿਊਂਦੇ ਆਂ ਬੱਚਿਆ।" 'ਇਹ ਆਵਾਜ਼ ਬਾਬਾ ਬੁੱਢਾ ਜੀ ਦੀ ਸੀ- ਜਾਂ ਮੇਰੀ ਆਪਣੀ ਰੂਹ ਦੀ ਆਵਾਜ਼? ਪਰ ਇਸ ਵਿਚ ਇਹ ਭਰੋਸਾ ਸੀ ਕਿ ਹਰਿਮੰਦਰ ਸਦਾ ਮੁਸਕਰਾਏਗਾ।' ਕੋਈ ਉਦਾਸੀ ਸਦੀਵੀ ਨਹੀਂ ਹੁੰਦੀ। ਹਰਿਮੰਦਰ ਕਦੀ ਉਦਾਸ ਨਹੀਂ ਹੁੰਦੇ। ਇਹ ਲਲਿਤ ਨਿਬੰਧ ਦਹਿਸ਼ਤ ਦੇ ਦੌਰ ਦੀ ਇਕ ਉਤਮ ਰਚਨਾ ਕਹੀ ਜਾ ਸਕਦੀ ਹੈ।

ਇਸੇ ਤਰ੍ਹਾਂ ਲਲਿਤ ਨਿਬੰਧ 'ਸਲੀਬ 'ਤੇ ਟੰਗਿਆ ਖ਼ੁਦਾ' ਇਕ ਸੰਵੇਦਨਸ਼ੀਲ ਲਿਖਤ ਹੈ, ਜਿਸ ਦਾ ਕੇਂਦਰੀ ਵਿਚਾਰ ਹੈ ਕਿ ਕੱਟੜ ਧਾਰਮਿਕ ਲੋਕਾਂ ਨੇ ਰੱਬ ਨੂੰ ਸਲੀਬ 'ਤੇ ਟੰਗ ਦਿੱਤਾ ਹੈ। ਲੋੜ ਰੱਬ ਨੂੰ ਬਚਾਉਣ ਦੀ ਹੈ।

ਲਲਿਤ ਨਿਬੰਧ ਵਿਧਾ ਹਾਲੀ ਸਾਹਿਤ ਦੀ ਮਕਬੂਲ ਵਿਧਾ ਨਹੀਂ ਬਣ ਸਕੀ। ਇਹ ਆਪਣੇ ਆਪ ਵਿਚ ਇਕ ਤ੍ਰਾਸਦੀ ਹੈ। ਕਾਂਗ ਦਾ ਇਹ ਸੰਗ੍ਰਹਿ ਵੱਧ ਤੋਂ ਵੱਧ ਪਾਠਕਾਂ ਤਕ ਪਹੁੰਚਾਣ ਦਾ ਉਪਰਾਲਾ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਕੀਤਾ ਗਿਆ ਹੈ। ਇਸ ਕਿਤਾਬ ਦਾ ਸਵਾਗਤ ਕਰਨਾ ਬਣਦਾ ਹੈ।

**ਇਹ ਸ਼ੇਰਨੀਆਂ:** ਕੁਲਵੰਤ ਸਿੰਘ ਵਿਰਕ ਦੀ ਇਕ ਪ੍ਰਸਿੱਧ ਕਹਾਣੀ ਹੈ, 'ਸ਼ੇਰਨੀਆਂ' ਇਹ ਕਹਾਣੀ ਉਨ੍ਹਾਂ ਕੁੜੀਆਂ ਦੀ ਹੈ ਜੋ ਪਿੰਡ ਤੋਂ ਸ਼ਹਿਰ ਦੇ ਸਕੂਲ ਸਾਈਕਲਾਂ 'ਤੇ ਜਾਂਦੀਆਂ ਹਨ। ਇਹ ਕਹਾਣੀ ਉਸ ਵੇਲੇ ਦੀ ਹੈ, ਜਦੋਂ ਪਿੰਡ ਦੀਆਂ ਕੁੜੀਆਂ ਦੀ ਪਿੰਡ ਤੋਂ ਸ਼ਹਿਰ ਜਾ ਕੇ ਪੜ੍ਹਨ ਦੀ ਰਵਾਇਤ ਸ਼ੁਰੂ ਹੋਈ ਸੀ। ਉਸ ਤੋਂ ਪਹਿਲਾਂ ਮੁੰਡੇ ਤਾਂ ਸ਼ਹਿਰਾਂ ਵਿਚ ਸਾਈਕਲਾਂ 'ਤੇ ਚਲੇ ਜਾਂਦੇ ਸਨ, ਪਰ ਕੁੜੀਆਂ ਦੀ ਪੜ੍ਹਾਈ ਉਥੋਂ ਤਕ ਹੀ ਹੁੰਦੀ ਸੀ ਜਿਥੋਂ ਤਕ ਪਿੰਡਾਂ ਦੇ ਸਕੂਲ ਹੁੰਦੇ ਸਨ। ਕੁੜੀਆਂ ਹੌਸਲਾ ਨਹੀਂ ਸਨ ਕਰਦੀਆਂ ਜਾਂ ਉਨ੍ਹਾਂ ਦੇ ਮਾਪੇ ਵੀ ਇਜਾਜ਼ਤ ਨਹੀਂ ਸਨ ਦਿੰਦੇ ਕਿ ਇਹ ਕੁੜੀਆਂ ਸੜਕਾਂ 'ਤੇ ਸਾਈਕਲ ਚਲਾ ਕੇ ਜਾਣ। ਇਸ ਲਈ ਜਿਨ੍ਹਾਂ ਕੁੜੀਆਂ ਨੇ ਪਹਿਲ ਕੀਤੀ, ਵਿਰਕ ਨੇ ਉਨ੍ਹਾਂ ਨੂੰ ਸ਼ੇਰਨੀਆਂ ਦਾ ਨਾਂ ਦਿੱਤਾ।

ਅੱਜ ਸ਼ੇਰਨੀਆਂ ਦਾ ਨਾਂ ਸਹਿਜੇ ਹੀ ਉਨ੍ਹਾਂ ਕੁੜੀਆਂ ਨੂੰ ਦਿੱਤਾ ਜਾ ਸਕਦਾ ਹੈ, ਜਿਨ੍ਹਾਂ ਨੇ ਪੰਜਾਬ ਦੀਆਂ ਨਾਟਕ ਸਟੇਜਾਂ 'ਤੇ ਆਉਣ ਦਾ ਹੌਸਲਾ ਕੀਤਾ ਹੈ। ਪੰਜਾਬ ਵਿਚ ਸ਼ਹਿਰਾਂ ਤੋਂ ਵੱਧ ਨਾਟਕ ਹੁਣ ਛੋਟੇ ਕਸਬਿਆਂ ਅਤੇ ਪਿੰਡਾਂ ਵਿਚ ਹੁੰਦੇ ਹਨ। ਇਨ੍ਹਾਂ ਦਾ ਪ੍ਰਬੰਧ ਨੌਜਵਾਨ ਸਭਾਵਾਂ, ਪੰਚਾਇਤਾਂ ਅਤੇ ਤਰਕਸ਼ੀਲ, ਸੁਸਾਇਟੀਆਂ ਕਰਦੀਆਂ ਹਨ। 1995 ਵਿਚ ਇਕ ਅਨੁਮਾਨ ਅਨੁਸਾਰ ਕੋਈ 800 ਦੇ ਕਰੀਬ ਪਿੰਡਾਂ ਵਿਚ ਸਟੇਜ ਪੇਸ਼ਕਾਰੀਆਂ ਹੋਈਆਂ। ਅਨੇਕਾਂ ਨਾਟਕ ਟੀਮਾਂ ਇਸ ਖੇਤਰ ਵਿਚ ਕੰਮ ਕਰ ਰਹੀਆਂ ਹਨ। ਸਾਰੀਆਂ ਨਾਟਕ ਟੀਮਾਂ ਵਿਚ ਇਸਤਰੀ ਕਲਾਕਾਰਾਂ ਦਾ ਬਰਾਬਰ ਦਾ ਹਿੱਸਾ ਹੈ। ਨਾਟਕ ਬਹੁਤ ਵਾਰ ਦੇਰ ਰਾਤ ਖਤਮ ਹੁੰਦੇ ਹਨ। ਕੁੜੀਆਂ ਆਪਣੀਆਂ ਟੀਮਾਂ ਨਾਲ ਰਾਤ ਦਾ ਸਫਰ ਕਰਦੀਆਂ ਹਨ। ਇਸ ਕਲਾ ਦੀ ਹੁਣ ਸਮਾਜ ਵਿਚ ਇੱਜ਼ਤ ਹੈ। ਸਭਿਆਚਾਰਕ ਖੇਤਰ ਵਿਚ ਇਸ ਕਲਾ ਦੀ ਗਿਣਨਯੋਗ ਦੇਣ ਹੈ। ਇਸ ਕਲਾ ਦੀ ਇੱਜ਼ਤ ਬਨਾਉਣ ਵਿਚ ਇਸਤਰੀ ਨਾਟਕ ਕਲਾਕਾਰਾਂ ਦੀ ਇਕ ਵਿਸ਼ੇਸ਼ ਭੂਮਿਕਾ ਹੈ। ਉਹ ਸਾਰੀਆਂ ਬੰਦਸ਼ਾਂ ਤੋੜ ਕੇ ਮੈਦਾਨ ਵਿਚ ਆਈਆਂ ਹਨ।

ਨਾਟਕ ਖੇਤਰ ਦੀਆਂ ਇਹ ਸ਼ੇਰਨੀਆਂ ਸਾਡੇ ਸਲਾਮ ਦੀਆਂ ਹੱਕਦਾਰ ਹਨ।

**ਮਨਜੀਤ ਕਾਦਰ ਦੀ ਯਾਦ ਵਿਚ:** ਇਨਕਲਾਬੀ ਕਵੀ ਮਨਜੀਤ ਕਾਦਰ ਜੋ ਦੋ ਨਵੰਬਰ 1995 ਨੂੰ ਇਕ ਬਿਜਲੀ ਹਾਦਸੇ ਵਿਚ ਸਾਡੇ ਤੋਂ ਵਿੱਛੜ ਗਿਆ, ਉਸ ਦੇ ਪਿੰਡ ਆਲੇਵਾਲੀ 15 ਮਾਰਚ ਉਸ ਨੂੰ ਯਾਦ ਕੀਤਾ ਗਿਆ। ਦਲਿਤ ਕਾਰੀਗਰ ਵਰਗ ਦਾ ਇਹ ਕਵੀ ਆਪਣੀ ਗਰੀਬੀ ਦੀ ਦਸ਼ਾ ਵਿਚ ਵੀ ਪਿੰਡ ਦੇ ਸਮੁੱਚੇ ਲੋਕਾਂ ਦੇ ਸਤਿਕਾਰ ਦਾ ਮਾਲਕ ਸੀ। ਉਸ ਦੇ ਪਿੰਡ ਜਾ ਕੇ ਇਕ ਫ਼ਖਰ ਹੋਇਆ ਕਿ ਸੱਚਾ ਸੁੱਚਾ ਅਣਖ ਵਾਲਾ ਲੇਖਕ ਸਮਾਜ ਵਿਚ ਆਪਣੀ ਇੱਜ਼ਤ ਵਾਲੀ ਥਾਂ ਰੱਖਦਾ ਹੈ। ਪਲਸ ਮੰਚ ਨੇ ਸਮੁੱਚੇ ਪਿੰਡ ਦੇ ਲੋਕਾਂ ਦੇ ਸਹਿਯੋਗ ਨਾਲ ਹਰ ਸਾਲ 30 ਦਸੰਬਰ ਉਸ ਦੀ ਯਾਦ ਵਿਚ ਸਮਾਗਮ ਕਰਨ ਦਾ ਫੈਸਲਾ ਕੀਤਾ ਹੈ। 30 ਦਸੰਬਰ ਵਾਲੇ ਦਿਨ ਨਕੋਦਰ ਦੇ ਇਲਾਕੇ ਦਾ ਲੋਕ ਪੱਖੀ ਸਭਿਆਚਾਰਕ ਦਿਨ ਹੋਇਆ ਕਰੇਗਾ, ਮਨਜੀਤ ਕਾਦਰ ਨੂੰ ਇਹ ਇਨਕਲਾਬੀ ਸ਼ਰਧਾਂਜਲੀ ਹੋਵੇਗੀ।

24-3-1996